This question paper contains 3 printed pages]

*Your Roll No.*..............

445

**B.A. (PROGRAMME)/III** **J**

(A)

PUNJABI DISCIPLINE—Paper III

**(Optional)**

(For Students who have studied Punjabi upto 10th)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੀ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਮਾਟੀ ਕੁਦਮ ਕਰੇਂਦੀ ਯਾਰ
ਵਾਹ ਵਾਹ ਮਾਟੀ ਦੀ ਗੁਲਜ਼ਾਰ ।
ਮਾਟੀ ਘੋੜਾ ਮਾਟੀ ਜੋੜਾ, ਮਾਟੀ ਦਾ ਅਸਵਾਰ ।
ਮਾਟੀ ਮਾਟੀ ਨੂੰ ਦੌੜਾਵੇ ਮਾਟੀ ਦਾ ਖੜਕਾਰ ।
ਮਾਟੀ ਮਾਟੀ ਨੂੰ ਮਾਰਨ ਲੱਗੀ, ਮਾਟੀ ਦੇ ਹਥਿਆਰ ।
ਜਿਸ ਮਾਟੀ ਪਰ ਬਹੁਤੀ ਮਾਟੀ ਤਿਸ ਮਾਟੀ ਹੰਕਾਰ ।

P.T.O.

(ਅ) ਚੋਰ ਜੁ ਕਰਦੇ ਚੋਰੀ, ਲਿਆਵਣ ਲੁੱਟ ਘਰ ।
ਖਾਂਦੇ ਦੁੱਧ ਮਲਾਈ, ਮਲੀਂਦੇ ਕੁੱਟ ਕਰ ।
ਰਹਿੰਦੇ ਤੇਰੀ ਆਸ ਸੁ, ਜਾਂਦੇ ਭੁੱਖ ਮਰਿ ।
ਵਜੀਦਾ ਕੌਣ ਸਾਹਿਬ-ਨੂੰ ਆਖੇ, ਐਉਂ ਨਹੀਂ ਇੰਵ ਕਰ । 5

2. ਪਾਠ-ਪੁਸਤਕ 'ਮੱਧਕਾਲੀਨ ਪੰਜਾਬੀ ਕਾਵਿ' ਦੇ ਮੁੱਢ ਵਿਚ ਦਰਜ 'ਮੁੱਖ ਸ਼ਬਦ' ਦੇ ਆਧਾਰ ਉੱਤੇ ਮਧਕਾਲੀ ਪੰਜਾਬੀ ਕਾਵਿ ਦਾ ਮੁਲਾਂਕਣ ਕਰੋ ।

ਜਾਂ

ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੀ **ਇਕ** ਦਾ ਆਲੋਚਨਾਤਮਕ ਸਾਰ ਲਿਖੋ :

(*i*) ਸੋਹਣੀ ਮਹੀਂਵਾਲ;

(*ii*) ਜੰਗਨਾਮਾ ਸ਼ਾਹ ਮੁਹੰਮਦ;

(*iii*) ਹੀਰ ਵਾਰਿਸ । 10

3. "ਛੋਟੀ ਕਹਾਣੀ ਨੇ ਆਪਣੇ ਪੈਰ ਬੜੇ ਸਿਰੜ ਨਾਲ ਵਰਤਮਾਨ ਵਿਚ ਹੀ ਟਿਕਾਏ ਰੱਖੇ ਹਨ । ਨਾ ਸਾਖੀਆਂ ਵਾਂਗ ਉਹ ਭੂਤਕਾਲ ਵਿਚ ਵਿਚਰਦੀ ਹੈ, ਨਾ ਪਰੀ–ਕਥਾ ਵਾਂਗ ਸਦਾ–ਕਾਲ ਵਿਚ । ਉਸ ਦਾ ਸਮਾਂ ਵਰਤਮਾਨ ਹੈ ।" ਡਾ. ਹਰਿਭਜਨ ਸਿੰਘ ਦੇ ਇਸ ਕਥਨ ਦੇ ਆਧਾਰ ਉੱਤੇ ਪੰਜਾਬੀ ਕਹਾਣੀ ਦੇ ਵਿਕਾਸ ਉੱਪਰ ਟਿੱਪਣੀ ਕਰੋ ।

ਜਾਂ

ਕਹਾਣੀ ਸੰਗ੍ਰਹਿ 'ਕਥਾ ਪੰਜਾਬ' ਦੀਆਂ ਹੇਠ ਲਿਖਤ ਕਹਾਣੀਆਂ ਵਿਚੋਂ ਕਿਸੀ **ਇਕ** ਦਾ ਸਾਰ ਲਿਖੋ :

(*i*) ਭਾਬੀ ਮੈਨਾ;

(*ii*) ਤਾਸ਼ ਦੀ ਆਦਤ;

(*iii*) ਪੇਮੀ ਦੇ ਨਿਆਣੇ । 15

4. ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ ਉੱਤੇ ਚਰਚਾ ਕਰੋ ।

ਜਾਂ

ਗੁਰਮੁਖੀ-ਲਿਪੀ ਦੀ ਪ੍ਰਾਚੀਨਤਾ ਬਾਰੇ ਚਾਨਣਾ ਪਾਉ । 15

5. ਪਾਠ-ਪੁਸਤਕ 'ਪੰਜਾਬੀ ਸਾਹਿਤ ਦਾ ਇਤਿਹਾਸ' ਵਿਚੋਂ 1700-1900 ਈ. ਤਕ ਦੇ ਪੰਜਾਬੀ ਸਾਹਿਤ ਦੇ "ਸਮਾਜਕ ਅਤੇ ਰਾਜਨੀਤਕ ਪਿਛੋਕੜ" ਨਾਮਕ ਅਧਿਆਇ ਦਾ ਵਿਸਤਾਰਮਈ ਵਿਸ਼ਲੇਸ਼ਣ ਕਰੋ ।

ਜਾਂ

18ਵੀਂ ਸਦੀ ਦੇ ਪੰਜਾਬੀ ਕਿੱਸਾਕਾਰਾਂ ਦੇ ਇਤਿਹਾਸ ਉੱਤੇ ਚਰਚਾ ਕਰੋ । 15

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦਾ ਉੱਤਰ ਸੰਖੇਪ ਵਿਚ ਦਿਉ :

(*i*) ਬੁਲ੍ਹੇ ਸ਼ਾਹ ਦੀ ਕਾਵਿ ਰਚਨਾ ਦੇ ਵਿਸ਼ੇ ਕਿਹੜੇ ਹਨ ?

(*ii*) ਵਾਰਿਸ ਸ਼ਾਹ ਦੇ ਕਿੱਸੇ ਦੇ ਆਰੰਭ ਵਿਚ 'ਮੰਗਲਾਚਰਣ' ਦਾ ਸਾਰ ਲਿਖੋ ।

(*iii*) ਛੋਟੀ ਕਹਾਣੀ ਕਿਹੜੇ ਯੁਗ ਦੀ ਪੈਦਾਵਾਰ ਹੈ ?

(*iv*) ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਨਾਂ ਲਿਖੋ ।

(*v*) ਪ੍ਰਸਿੱਧ ਸੂਫ਼ੀ ਕਵੀ ਬੁਲ੍ਹੇ ਸ਼ਾਹ ਨਾਲ ਸੰਖੇਪ ਜਾਣ-ਪਛਾਣ ਕਰਾਉ । $3 \times 5 = 15$